

> “ਸਾਨੂੰ ਘਰ ਦੇ ਬਿਲਕੁਲ ਨੇੜੇ ਅਜਿਹਾ ਸਥਾਨ ਹੋਣਾ ਬਹੁਤ ਪਸੰਦ ਹੈ, ਜਿੱਥੇ ਅਸੀਂ ਸਥਾਨਕ ਭਾਈਚਾਰੇ ਨਾਲ ਜੁੜ ਸਕਦੇ ਹਾਂ ਅਤੇ ਜੋ ਸਾਡੇ ਬੱਚਿਆਂ ਦੇ ਵਿਕਾਸ ਲਈ ਵੀ ਲਾਭਦਾਇਕ ਹੈ। ”
>
> – ਗਿਉਲੀਆ (ਆਪਣੇ ਬੱਚੇ, ਸੋਨੀ ਨਾਲ)

# ਭਵਿੱਖ ਨੂੰ ਸੰਵਾਰਦੇ ਹੋਏ, ਪਰਿਵਾਰਾਂ ਨੂੰ ਜੋੜਦੇ ਹੋਏ

ਸਾਡਾ ਮੰਨਣਾ ਹੈ ਕਿ ਮਜ਼ਬੂਤ ਪਰਿਵਾਰ ਮਜ਼ਬੂਤ ਭਾਈਚਾਰੇ ਬਣਾਉਣ ਵਿੱਚ ਮਦਦ ਕਰਦੇ ਹਨ।

BSL Grow ਵਿਖੇ, ਤੁਹਾਨੂੰ ਮਿਲਾਪੜੇ ਸੁਭਾਅ ਵਾਲੀ ਟੀਮ ਮਿਲੇਗੀ ਜੋ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਵਧਣ-ਫੁੱਲਣ ਵਿੱਚ ਸਹਾਇਤਾ ਕਰ ਸਕਦੀ ਹੈ।

ਅਸੀਂ 2-3 ਸਾਲ ਦੀ ਉਮਰ ਦੇ ਬੱਚਿਆਂ ਵਾਲੇ ਪਰਿਵਾਰਾਂ ਨਾਲ ਕੰਮ ਕਰਦੇ ਹਾਂ, ਤਾਂ ਜੋ ਤੁਸੀਂ ਆਪਣੇ ਆਪ ਨੂੰ ਸਹਾਇਤਾ-ਪ੍ਰਾਪਤ, ਆਤਮ-ਵਿਸ਼ਵਾਸੀ ਅਤੇ ਜੁੜਿਆ ਹੋਇਆ ਮਹਿਸੂਸ ਕਰੋ।

# ਅੱਜ ਹੀ ਕਿਸੇ ਪਰਿਵਾਰਕ ਕੋਚ ਨਾਲ ਗੱਲ ਕਰੋ

ਅਸੀਂ ਤੁਹਾਨੂੰ ਮਿਲਣ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਾਂ!

**ਬ੍ਰਿਮਬੈਂਕ**

**03 9108 4720**

**grow@bsl.org.au**

**bsl.org.au/grow**

**ਸਾਈਨ ਅੱਪ ਕਰੋ**

Brotherhood of St. Laurence ਉਸ ਧਰਤੀ ਅਤੇ ਪਾਣੀ ਦੇ ਰਵਾਇਤੀ ਰਖਵਾਲਿਆਂ ਨੂੰ ਸਨਮਾਨ ਸਹਿਤ ਮਾਨਤਾ ਦਿੰਦਾ ਹੈ, ਜਿੱਥੇ ਸਾਡੀ ਸੰਸਥਾ ਆਪਣਾ ਕੰਮ ਕਰਦੀ ਹੈ। ਅਸੀਂ ਅਤੀਤ ਅਤੇ ਵਰਤਮਾਨ ਸਮੇਂ ਦੇ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਬਜ਼ੁਰਗਾਂ ਨੂੰ ਆਪਣਾ ਸਤਿਕਾਰ ਭੇਟ ਕਰਦੇ ਹਾਂ।

© 2026 Brotherhood of St. Laurence ABN 24603467024
ARBN 100042822

## ਸ਼ੁਰੂਆਤੀ ਸਾਲਾਂ ਲਈ ਏਕੀਕ੍ਰਿਤ ਪਹੁੰਚ

BSL grow

Growing futures, connecting families.



Brotherhood of St Laurence | Early Learning Victoria | Proudly Supported by Brimbank City Council

# BSL Grow ਵਿੱਚ ਤੁਹਾਡਾ ਸਵਾਗਤ ਹੈ

**2-3 ਸਾਲ ਦੇ ਬੱਚਿਆਂ ਵਾਲੇ ਪਰਿਵਾਰਾਂ ਲਈ ਮੁਫ਼ਤ ਸ਼ੁਰੂਆਤੀ ਸਾਲਾਂ ਦਾ ਪ੍ਰੋਗਰਾਮ**

BSL Grow ਸਥਾਨਕ ਪਰਿਵਾਰਾਂ ਲਈ ਇੱਕ ਪ੍ਰੋਗਰਾਮ ਹੈ, ਜਿਨ੍ਹਾਂ ਦੇ ਬੱਚੇ 2 ਤੋਂ 3 ਸਾਲ ਦੇ ਹਨ। ਅਸੀਂ ਸਥਾਨਕ ਸੇਵਾਵਾਂ ਨਾਲ ਮਿਲ ਕੇ ਕੰਮ ਕਰਦੇ ਹਾਂ ਤਾਂ ਜੋ ਤੁਹਾਡੇ ਬੱਚੇ ਦੀ ਸਿੱਖਿਆ, ਵਿਕਾਸ ਅਤੇ ਸਿਹਤ ਨੂੰ ਸਹਾਰਾ ਮਿਲੇ - ਤਾਂ ਜੋ ਉਹ ਵਧ-ਫੁੱਲ ਸਕਣ, ਸੁਰੱਖਿਅਤ ਮਹਿਸੂਸ ਕਰਨ ਅਤੇ ਆਪਣੇ ਆਪ ਨੂੰ ਇਸ ਭਾਈਚਾਰੇ ਦਾ ਹਿੱਸਾ ਸਮਝਣ।

**ਅਸੀਂ ਹਰ ਪਿਛੋਕੜ ਤੋਂ ਆਏ ਪਰਿਵਾਰਾਂ ਦਾ ਸੁਆਗਤ ਕਰਦੇ ਹਾਂ**

ਸਾਡੇ ਪਰਿਵਾਰਕ ਕੋਚ ਤੁਹਾਡੇ ਨਾਲ ਹਨ, ਤਾਂ ਜੋ ਤੁਸੀਂ ਆਪਣੇ ਬੱਚੇ ਨੂੰ ਸਭ ਤੋਂ ਵਧੀਆ ਸ਼ੁਰੂਆਤ ਦੇ ਸਕੋ। ਅਸੀਂ ਤੁਹਾਨੂੰ ਆਪਣੇ ਇਲਾਕੇ ਦੀਆਂ ਸ਼ੁਰੂਆਤੀ ਸਾਲਾਂ ਦੀਆਂ ਸੇਵਾਵਾਂ ਨਾਲ ਅਤੇ ਤੁਹਾਡੇ ਭਾਈਚਾਰੇ ਦੇ ਹੋਰ ਪਰਿਵਾਰਾਂ ਨਾਲ ਜੋੜ ਸਕਦੇ ਹਾਂ। ਜੇਕਰ ਤੁਹਾਨੂੰ ਵਧੀਕ ਮਦਦ ਦੀ ਲੋੜ ਹੋਵੇ, ਤਾਂ ਅਸੀਂ ਉਸ ਲਈ ਵੀ ਇੱਥੇ ਮੌਜੂਦ ਹਾਂ!

**ਸਭ ਤੋਂ ਵਧੀਆ ਗੱਲ ਇਹ ਹੈ ਕਿ ਇਹ ਬਿਲਕੁਲ ਮੁਫ਼ਤ ਹੈ!**
**bsl.org.au/grow 'ਤੇ ਜਾਓ**



# ਅਸੀਂ ਕੀ ਕਰਦੇ ਹਾਂ

BSL Grow ਵਿਖੇ, ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ:

- ਪਰਿਵਾਰਕ ਸਹਾਇਤਾ ਅਤੇ ਕੋਚਿੰਗ
- ਸਿੱਖਣ ਅਤੇ ਮਿਲਣ-ਜੁਲਣ ਲਈ ਪਲੇਗਰੁੱਪ
- ਹੋਰ ਪਰਿਵਾਰਾਂ ਨਾਲ ਮਿਲਣਾ
- ਘਰ ਵਿੱਚ ਸਿੱਖਣ ਵਾਲੀਆਂ ਗਤੀਵਿਧੀਆਂ
- ਹੁਨਰ ਵਿਕਸਿਤ ਕਰਨ ਲਈ ਵਰਕਸ਼ਾਪਾਂ
- ਸਥਾਨਕ ਸੇਵਾਵਾਂ ਨਾਲ ਜੁੜਨਾ

# ਆਪਣਾ ਸਫ਼ਰ ਸ਼ੁਰੂ ਕਰੋ!

ਹੋਰ ਜਾਣਨ ਅਤੇ ਰਜਿਸਟਰ ਕਰਨ ਲਈ ਇਹ QR ਕੋਡ ਸਕੈਨ ਕਰੋ।



# ਅਸੀਂ ਪਰਿਵਾਰਾਂ ਲਈ ਹਾਂ

**ਅਸੀਂ ਤਜਰਬੇਕਾਰ ਹਾਂ**

95 ਸਾਲਾਂ ਤੋਂ ਭਾਈਚਾਰਿਆਂ ਦੀ ਵਧਣ-ਫੁੱਲਣ ਵਿੱਚ ਸਹਾਇਤਾ ਕਰ ਰਹੇ ਹਾਂ।

**ਅਸੀਂ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਹਾਂ**

BSL Grow ਵਿਖੇ, ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਤੁਸੀਂ ਅਤੇ ਤੁਹਾਡਾ ਪਰਿਵਾਰ ਸੁਰੱਖਿਅਤ ਅਤੇ ਸ਼ਾਮਲ ਮਹਿਸੂਸ ਕਰੋ।

**ਅਸੀਂ ਤੁਹਾਡੇ ਬੱਚੇ ਦੇ ਭਵਿੱਖ ਦੀ ਪਰਵਾਹ ਕਰਦੇ ਹਾਂ**

ਅਸੀਂ ਇਹ ਯਕੀਨੀ ਬਣਾਉਣ ਲਈ ਇੱਥੇ ਹਾਂ ਕਿ ਹਰ ਬੱਚਾ ਅਤੇ ਉਸਦਾ ਪਰਿਵਾਰ ਵਧ-ਫੁੱਲ ਸਕੇ।